# ਨਬੀਲਾ ਰਹਿਮਾਨ

ਮੇਰਾ ਨਾਂ ਨਬੀਲਾ ਰਹਿਮਾਨ ਐ, ਮੇਰਾ ਤਅਲੁਕ ਟੋਬਾ ਟੇਕ ਸਿੰਘ ਦੇ ਨਾਲ ਐ, ਲਾਇਲਪੁਰ ਦੇ ਕੋਲ ਟੋਬਾ ਟੇਕ ਸਿੰਘ, ਸਾਡੇ ਪਿੰਡ ਨੇ। ਇਥੇ ਆ ਕੇ ਸਾਰਾ ਖਾਨਦਾਨ ਵਸ ਗਿਆ ਤੇ ਨਾਨਾ ਜੀ ਦੇ ਮੇਰੇ ਨੌਕਰੀ ਝੰਗ ਸੀ ਤੇ ਪਿੰਡ ਸਕੂਲ ਕੋਈ ਨਹੀਂ ਸੀ। ਮੁੰਡਿਆਂ ਦਾ ਸਕੂਲ ਸੀ, ਕੁੜੀਆਂ ਦਾ ਸਕੂਲ ਕੋਈ ਹੈ ਨਹੀਂ ਸੀ ਤੇ ਮੈਂ ਨਿੱਕੇ ਹੁੰਦੇ ਸਵਾਲ ਬਹੁਤ ਪੁੱਛਦੀ ਹੁੰਦੀ ਸੀ ਤੇ ਉਹ ਮਾਂ ਮੇਰੀ ਨੇ ਆਖਿਆ ਕਿ ਤੈਨੂੰ ਇਹਨਾਂ ਸਵਾਲਾਂ ਦੇ ਜਵਾਬ ਮਿਲਣਗੇ ਜੇ ਤੂੰ ਪੜੇਂਗੀ। ਤੇ ਸਕੂਲ ਕੋਈ ਨਹੀਂ ਸੀ ਤੇ ਮਾਂ ਨੂੰ ਪੜਾਣ ਦਾ ਵੀ ਬੜਾ ਸ਼ੌਕ ਸੀ। ਨਾਨੀ ਆਈ ਤੇ ਨਾਨੀ ਦੇ ਨਾਲ ਮੈਨੂੰ ਝੰਗ ਭੇਜ ਦਿੱਤਾ, ਉਥੇ ਮੈਂ ਅੱਠਵੀਂ ਤੀਕਰ ਪੜਿਆ। ਅੱਠਵੀਂ ਤੀਕਰ ਪੜਿਆ, ਫਿਰ ਨੌਵੀਂ, ਚਾਰ ਜਮਾਤਾਂ ਐਫ. ਏ. ਤੀਕਰ ਜਾਣੀ ਗਿਆਰਵੀਂ ਬਾਰਵੀਂ ਜਮਾਤ ਤੀਕਰ ਮੈਂ ਟੋਬਾ ਟੇਕ ਸਿੰਘ ਆ ਗਈ , ਟੋਬੇ ਤੋਂ ਪੜਿਆ। ਫਿਰ ਇਥੇ ਟੋਬੇ ਚ ਕੁੜੀਆਂ ਦਾ ਕੌਲਜ ਕੋਈ ਨਹੀਂ ਸੀ, ਚੌਦਵੀਂ ਤੀਕਰ ਕੌਲ਼ਜ ਕੋਈ ਨਹੀਂ ਸੀ, ਫਿਰ ਲਾਇਲਪੁਰ ਟੁਰਗੀ ਪੜਨ, ਉਥੇ ਕੌਲਜ ਚ ਪੜਿਆ। ਫਿਰ ਯੂਨੀਵਰਸਿਟੀ ਆ ਗਈ।

ਜਦੋਂ ਯੂਨੀਵਰਸਿਟੀ ਆ ਗਈ ਤੇ ਮੈਨੂੰ ਇਸ ਦੌਰਾਨ, ਮਤਲਬ ਬਚਪਨ ਤੋਂ ਮੈਨੂੰ ਅਸਮਾਨ, ਪਾਣੀ, ਨੇਚਰ, ਮੈਨੂੰ ਕੁਦਰਤ ਬਹੁਤ ਸੋਹਣੀ ਲੱਗਦੀ ਹੁੰਦੀ ਸੀ ਤੇ ਮੈਨੂੰ ਸੀ ਕਿ ਇਹ ਕਿਵੇਂ ਬਣੀ ਏ, ਇਹ ਕੀਹਨੇ ਬਣਾਈ ਏ? ਇਹ ਅਸਮਾਨ ਕਿੱਥੇ ਤੀਕਰ ਜਾਂਦਾ ਏ? ਕਿਥੇ ਮੁੱਕਦਾ ਏ? ਅੱਛਾ, ਏਦਾਂ ਦੇ ਸਵਾਲ ਕਰਦੀ ਸਾਂ, ਉਹ ਸੀ ਮੈਨੂੰ ਪਤਾ ਲੱਗਾ ਕਿ ਮੈਨੂੰ ਇਹਨਾਂ ਸਵਾਲਾਂ ਦੇ ਜਵਾਬ ਨਾ ਫਲਸਫਾ ਪੜ ਕੇ ਮਿਲਣਗੇ ਤੇ ਮੈਨੂੰ ਫਲਸਫਾ ਪੜਣ ਦਾ ਬੜਾ ਸ਼ੌਕ ਸੀ ਤੇ ਫਲਸਫਾ ਵੀ ਤੇ ਤਾਰੀਖ ਵੀ, ਹਿਸਟਰੀ ਵੀ ਪੜਣ ਦਾ ਬੜਾ ਸ਼ੌਕ ਸੀ। ਤੇ ਮੇਰੇ ਤੋਂ ਵੱਡਾ ਜਿਹੜਾ ਮੇਰਾ ਭਰਾ ਏ, ਉਹਦੇ ਨਾਲ ਮੇਰੀ ਬੜੀ ਦੋਸਤੀ ਤੇ ਸਾਡੀ, ਬੜੀ ਦੋਸਤੀ ਏ। ਤੇ ਉਹ ਮੈਨੂੰ ਆਖਣ ਲੱਗਾ ਜਦੋਂ ਮੈਂ ਏਥੇ ਲਾਹੌਰ ਪੜਣ ਆ ਗਈ, ਉਹਨੇ ਮੈਨੂੰ ਆਖਿਆ ਕਿ ਉਹ ਪੰਜਾਬੀ ਸ਼ਾਇਰ ਬਹੁਤ ਪੜਦਾ ਹੁੰਦਾ ਸੀ ਸੂਫੀ ਸ਼ਾਇਰ, ਬਾਬਾ ਫਰੀਦ, ਬੁੱਲੇ ਸ਼ਾਹ, ਸੁਲਤਾਨ ਬਾਹੂ ਉਹਨਾਂ ਦਾ ਕਲਾਮ ਬਹੁਤ ਪੜਦਾ ਸੀ ਤੇ ਉਹਨੇ ਫੋਨ ਕਰਕੇ ਕਿਹਾ ਕਿ ਪੰਜਾਬੀ ਵਿਚ ਦਾਖਲਾ ਮਿਲੇ ਤੇ ਲੈ ਲਈਂ, ਨਹੀਂ ਤੇ ਮੁੜ ਕੇ ਘਰ ਆ ਜਾਈਂ। ਤੇ ਮੈਂ ਆਖਿਆ ਕਿ ਨਹੀਂ, ਵੀਰ ਨੇ ਆਖਿਆ ਏ ਤੇ ਠੀਕ ਆਖਿਆ ਹੋਏਗਾ ਤੇ ਦੂਜਾ ਇਹ ਕਿ ਮੈਂ ਬੀ.ਏ. ਵਿਚ ਪੰਜਾਬੀ ਪੜੀ ਸੀ ਤੇ ਪੰਜਾਬੀ ਮੈਂ ਆਪਣੀ ਜਿਸ ਟੀਚਰ ਕੋਲੋਂ ਪੜੀ ਸੀ, ਉਹ ਬਹੁਤ ਹੀ ਸੋਹਣੀ ਪੰਜਾਬੀ ਉਹਨਾਂ ਨੇ ਪੜਾਈ ਸੀ ਤੇ ਮੈਨੂੰ ਨਾ ਮਨ ਨੂੰ ਲੱਗਾ ਕਿ ਵੀਰ ਠੀਕ ਕਹਿੰਦਾ ਐ। ਉਹਨੇ ਮੈਨੂੰ ਫਲਸਫਾ ਪੜਨ ਦਾ ਚਾਅ ਸੀ ਤੇ ਉਹਨੂੰ ਪਤਾ ਸੀ। ਮੈਂ ਇਹ ਸਾਰੇ ਸਵਾਲ ਲੱਭਣਾ ਚਾਂਹਦੀ ਸਾਂ ਕਿ ਕਿਵੇਂ ਐ? ਕੀ ਐ, ਜਿੰਦਗੀ ਕੀ ਹੈ? ਕਾਇਨਾਤ ਕੀ ਹੈ? ਇਹ ਕਿਵੇਂ ਮੈਨੂੰ ਇਹਦੇ ਜਵਾਬ ਲੱਭ ਸਕਦੇ ਹਨ? ਖੈਰ, ਮੈਂ ਫਿਰ ਉਹਦੇ ਕਹਿਣ ਤੇ ਪੰਜਾਬੀ ਵਿਚ ਜਮਾ ਕਰਾ ਦਿੱਤੇ ਆਪਣੇ ਕਾਗਜ ਤੇ ਮੇਰਾ ਦਾਖਲਾ ਹੋ ਗਿਆ। ਬੱਸ ਫਿਰ ਕੁਝ ਉਸਤਾਦ ਇਸ ਤਰਾਂ ਮਿਲੇ, ਉਸਤਾਦਾਂ ਨੇ ਕੁਝ ਉਹ ਗੱਲ ਜੋ ਲੱਭਣਾ ਚਾਂਹਦੀ ਸਾਂ, ਕੋਈ ਨਾ ਕੋਈ ਪੰਜਾਬੀ ਬਾਬਿਆਂ ਦੇ ਕਲਾਮ ਚੋਂ ਕੋਈ ਨਾ ਕੋਈ ਗੱਲ ਲੱਭ ਜਾਂਦੀ ਸੀ ਇਸ ਤਰਾਂ ਦੀ । ਫਿਰ ਬੱਸ ਪੜਦੇ ਪੜਦੇ ਫਿਰ ਜੋ ਸਵਾਲ ਸਨ, ਉਹਨਾਂ ਦੇ ਜਵਾਬ ਮਿਲਦੇ ਚਲੇ ਗਏ, ਫਿਰ ਕਦੀ ਸੋਚਿਆ ਈ ਨਹੀਂ ਕਿ ਪੰਜਾਬੀ ਤੋਂ ਤੇ ਪੰਜਾਬ ਤੋਂ ਵੱਖ ਹੋਵਾਂਗੇ। ਫਿਰ ਇਹਨਾਂ ਸਾਨੂੰ ਏਨਾ ਅਪਨਾ ਲਿਆ, ਐਥੋਂ ਮੈਂ ਪੜਿਆ ਅੱਛੀ ਪੁਜੀਸ਼ਨ ਦੇ ਨਾਲ, ਐਮ.ਏ. ਕੀਤਾ।

ਤੇ ਮੇਰੀ ਮਾਸੀ ਦੀ ਇੱਕ ਸਹੇਲੀ ਸਨ, ਜਿਹੜੀ ਟੋਬੇ ਕੌਲਜ ਚ ਹੀ ਪ੍ਰਿੰਸੀਪਲ ਸਨ ਡਾ. ਰਚਮਾ। ਉਹ ਕਹਿੰਦੇ ਨੇ ਕਿ ਪੰਜਾਬੀ ਦੀਆਂ ਦੋ ਲੈਕਚਰਾਰ ਨੇ ਨਬੀਲਾ, ਮੈਂ ਵੈਸੇ ਉਦੋਂ ਫਾਰਸੀ ਚ ਦਾਖਲਾ ਲੈ ਲਿਆ ਸੀ, ਮੈਨੂੰ ਸੀ ਕਿ ਮੈਂ ਹੋਰ ਅੱਗੋਂ ਫਾਰਸੀ ਪੜਾ, ਹੁਣ ਮੈਂ ਸਿੱਖਾਂ, ਮੈਨੂੰ ਸੀ ਕਿ ਮੈਨੂੰ ਇਸ ਖਿੱਤੇ ਦੀਆਂ ਸਾਰੀਆਂ ਜ਼ੁਬਾਨਾਂ ਆਉਣੀਆਂ ਚਾਹੀਦੀਆਂ ਨੇ। ਗੁਰਮੁਖੀ ਮੈਂ ਉਸ ਤੋਂ ਥੋੜੀ ਦੇਰ ਬਾਅਦ ਸਿੱਖ ਲੀਤੀ ਸੀ। ਆਪਣੀ ਐਮ.ਏ. ਕਰਨ ਤੋਂ ਥੋੜੀ ਦੇਰ ਬਾਅਦ, ਆਪਣੇ ਆਪ ਈ ਸਿੱਖੀ ਔਰ ਇੱਕ ਟੀਚਰ ਸਨ ਸਿਰਫ ਟੋਬਾ ਜਿਹਨਾਂ ਕੋਲੋਂ ਮੈਂ, ਉਹ ਹਿੰਦੁਸਤਾਨ ਤੋਂ ਮਾਈਗਰੇਟ ਕਰਕੇ ਆਏ ਸੀ, ਉਹਨਾਂ ਨੇ ਮਤਲਬ ਮੈਨੂੰ ਬੜਾ ਰਿਦਮ ਚ ਪੜਾਈ ਫਨੈਟੀਕਲੀ ਆ, ਆ, ਈ, ਈ, ਉ, ਊ, ਅ, ਅੰ ਇੰਝ ਕਰਕੇ। ਸੋ ਮੈਨੂੰ ਉਹ ਬੜੇ ਬੜੇ ਅੱਛੇ ਟੀਚਰ ਸਨ, ਉਹਨਾਂ ਨੇ ਮੈਨੂੰ ਜਿਹੜੇ ਬੇਸਿਕ ਵੌਵਲਜ, ਕੰਨਸੋਨੈਨਟ ਸਨ, ਉਹਨਾਂ ਨੇ ਨਾ ਮੈਨੂੰ ਦੱਸ ਤੇ ਉਹਤੋਂ ਬਾਅਦ ਮੈਂ ਆਪੇ ਈ ਗੁਰਮੁਖੀ ਸਿੱਖ ਲੀਤੀ ਉਦੋਂ ਈ। ਤੇ ਉਹ ਮੇਰੀ ਖਾਲਾ ਮੈਨੂੰ ਕਹਿਣ ਲੱਗੇ ਕਿ ਪੰਜਾਬੀ ਦੀਆ ਦੋ ਲੈਕਚਰਾਰ ਨੇ, ਇੱਕ ਲਾਹੌਰ ਦੀ ਏ ਤੇ ਇੱਕ ਫੈਸਲਾਬਾਦ ਦੀ ਏ ਤੇ ਉਹ ਘੱਟ ਵੱਧ ਈ ਆਂਦੀਆਂ ਨੇ ਤੇ ਤਾਇਦਾਦ ਬੜੀ ਏ। ਤਾਇਦਾਦ ਉਸ ਵੇਲੇ ਕੌਲਜ ਦੀ ਪੰਜ ਸਾਢੇ ਪੰਜ ਹਜਾਰ ਐ ਤੇ ਪੰਜ ਸਾਢੇ ਪੰਜ ਹਜਾਰ ਵਿਚੋਂ ਸਵਾ ਪੰਜ ਹਜਾਰ ਕੁੜੀ ਪੰਜਾਬੀ ਪੜਦੀ ਏ ਤੇ ਤੂੰ ਆ ਕੇ ਪੜਾ ਤੇ ਹਾਲਾਂ ਮੈਂ ਦਾਖਲਾ ਲੀਤਾ ਸੀ ਏਥੇ ਫਾਰਸੀ ਚ, ਲੇਕਿਨ ਇਹ ਕਿ ਮੈਨੂੰ, ਉਹ ਚਾਅ ਵੀ ਏਨਾ ਕਿ ਅੱਛਾ ਮੈਂ ਹੁਣ ਪੜਾਵਾਂ ਤੇ ਮੈਨੂੰ ਨਾਲੇ ਖਾਲਾ ਨੇ ਕਹਿ ਤਾ ਮਾਸੀ ਨੇ ਤੇ ਕਿਉਂਕਿ ਮਾਸੀ ਦੀ ਸਹੇਲੀ ਸੀ, ਅਸੀਂ ਉਹਨੂੰ ਵੀ ਮਾਸੀ ਕਹਿੰਦੇ ਸਾਂ ਤੇ ਚਲੋ ਚਾਂਈਂ ਚਾਂਈਂ ਮੈਂ ਪੜਾਣ ਚਲੀ ਗਈ। ਮੈਂ ਉਥੇ ਡੇਢ ਸਾਲ ਬਗੈਰ ਕਿਸੇ ਉਹਦੇ ਬੈਨੀਫਿਟ ਦੇ ਜਾਂ ਕੋਈ ਔਨਰੇਰੀਅਮ ਦੇ ਮੈਂ ਉਥੇ ਉਹਨਾਂ ਨੂੰ ਪੰਜਾਬੀ ਪੜਾਂਦੀ ਰਹੀ ਬੱਚੀਆਂ ਨੂੰ। ਔਰ ਓਸ ਵੇਲੇ ਮੇਰੀ ਜਿਹੜੀ ਫਸਟ ਯੀਅਰ ਦੀ ਕਲਾਸ ਐ, ਉਹਦੇ ਮਤਲਬ ਹਜਾਰਾਂ ਈ ਤਾਇਦਾਦ ਸੀ ਔਰ ਉਹਦੇ ਸੈਕਸ਼ਨ ਕਰਕੇ ਗਰਾਊਂਡ ਦੇ ਵਿਚ ਜਾਂ ਹਾਲ ਦੇ ਵਿੱਚ ਕਲਾਸ ਪੜਾਈਦੀ ਸੀ। 11ਵੀਂ,

12ਵੀਂ, 13ਵੀਂ, 14ਵੀਂ। ਸੋ ਬਹੁਤ ਵੱਡੀ ਤਾਇਦਾਦ ਸੀ ਕੁੜੀਆਂ ਦੀ ਜਿਹੜੀ ਪੰਜਾਬੀ ਪੜਦੀ ਸੀ। ਤੇ ਇਹਦੇ ਵਿਚ ਜਿਹੜੀ ਇੱਕ ਗੱਲ ਏ ਨਾ ਮੈਨੂੰ ਬਹੁਤ ਜਿਹੜੀ ਹੁਣ ਮੈਨੂੰ ਚਿੰਤਾ ਰਹਿੰਦੀ ਏ ਔਰ ਮੈਨੂੰ ਤਕਲੀਫ ਦਿੰਦੀ ਏ ਕਿ ਹੁਣ ਨਾ ਸਿਰਫ ਇਹ ਕਿ ਪੰਜਾਬੀ ਪੜਣ ਵਾਲੇ ਬੱਚੇ ਥੋੜੇ ਹੁੰਦੇ ਜਾ ਰਹੇ ਆ, ਓਵਰਔਲ ਲਿਟਰੇਚਰ ਪੜਣ ਆਲੇ, ਸੋਸ਼ਲ ਸਾਇੰਸਜ ਪੜਣ ਵਾਲੇ ਵੀ ਥੋੜੇ ਨੇ ਔਰ ਖਾਸ ਤੌਰ ਦੇ ਉਤੇ ਪੰਜਾਬੀ ਦੀ ਤਾਇਦਾਦ ਬਹੁਤ ਘਟੀ ਉਦੋਂ ਜਦੋਂ ਪੰਜਾਬੀ ਨੂੰ ਮੁਕਤਲਫ ਕੌਲਜਾਂ ਵਿਚੋਂ ਰੋਕਿਆ ਗਿਆ, ਨੌਕਰੀਆਂ ਉਹਨਾਂ ਦੀਆਂ ਘੱਟ ਕੀਤੀਆ ਗਈਆਂ।

ਸਕੂਲਾਂ ਚੋਂ ਪੰਜਾਬੀ ਜਿਹੜੀ ਐ, ਉਹ ਟੀਚਰਜ ਨੂੰ ਘੱਟ ਕੀਤੀ ਗਈ ਕਿਉਂਕਿ ਪ੍ਰਾਇਮਰੀ ਵਿਚ ਤੇ ਏਥੇ ਪੜਾਈ ਨਹੀਂ ਜਾਂਦੀ, ਮਿਡਲ ਤੋਂ ਲੈ ਕੇ ਹਾਈ ਸਕੂਲ ਤੀਕਰ ਏਥੇ ਪੜਾਈ ਜਾਦੀ ਏ ਤੇ ਪੀ.ਐਚ.ਡੀ. ਹੁੰਦੀ ਏ। ਪੁੱਠਾ ਦਰਿਆ ਜਿਹੜਾ ਵਗਦਾ ਐ ਕਿ ਜਿਹੜੀ ਮਤਲਬ ਅਹਿ ਕਿ ਪੰਜਵੀਂ ਤੀਕਰ ਜਾਣੀ ਕਿ ਪ੍ਰਾਇਮਰੀ ਐਜੂਕੇਸ਼ਨ ਚ ਜਿਥੇ ਪੰਜਾਬੀ ਹੋਣੀ ਚਾਹੀਦੀ ਏ, ਉਹ ਨਹੀਂ ਐ। ਬਾਕੀ ਛੇਵੀਂ ਤੋਂ ਲੈ ਕੇ ਪੀ.ਐਚ.ਡੀ. ਤੀਕਰ ਪੰਜਾਬੀ ਪੜਾਈ ਜਾਂਦੀ ਏ। ਪਰ ਹਾਲੇ ਵੀ ਹੁਣ ਉਹ ਪੰਜਾਬੀ ਪੜਦਾ ਏ ਜੀਹਨੂੰ ਸ਼ੌਕ ਐ ਜਾਂ ਪਿੰਡਾਂ ਵਿਚ ਪੜਦਾ ਏ। ਲਾਹੌਰ ਦੇ ਗੌਰਮਿੰਟ ਸਕੂਲ ਵਿਚ ਚੰਦ ਕੁ ਜਗਾ ਤੇ ਤੇ ਇੱਕ ਦੋ ਜਿਹੜੇ ਬਹੁਤ ਅਲੀਟ ਜਾਣੀ ਕਿ ਲਾਹੌਰ ਗ੍ਰਾਮਰ ਸਕੂਲ ਐ ਉਹਨਾਂ ਨੇ ਬਹੁਤ ਦੇਰ ਪਹਿਲੇ ਇਹ ਉਹ ਸਕੂਲ ਨੂੰ ਕਰੈਡਿਟ ਜਾਂਦਾ ਏ, ਉਹ ਵੀ ਕਰੈਡਿਟ ਵੀ ਜਿਹੜਾ ਐ ਉਹ ਸਾਡੀ ਡਰਾਮਾ ਨਗਾਰ ਐ ਹੁਮਾ ਸਵਤਰ, ਹੁਮਾ ਨੂੰ ਜਾਂਦਾ ਹੈ ਇਹ ਕਰੈਡਿਟ ਕਿ ਹੁਮਾ ਨੇ ਪੰਜਾਬੀ ਨੂੰ ਅਲੀਟ ਕਲਾਸ ਦੇ ਵਿਚ ਮੁਤਾਰਿਫ ਕਰਾਇਆ, ਡਰਾਮੇ ਕਰਾਏ, ਮਤਲਬ ਉਹਨਾਂ ਨੂੰ ਜੋੜੀ ਰੱਖਿਆ, ਕਿਸੇ ਨਾ ਕਿਸੇ ਤਰੀਕੇ ਦੇ ਨਾਲ ਡਰਾਮੇ ਦੇ ਨਾਲ, ਡਾਇਲੋਗ ਦੇ ਨਾਲ ਔਰ ਇਸ ਅਲਟੀਮੇਟਲੀ ਇਸ ਜੁਬਾਨ ਦੇ ਨਾਲ।

ਸੋ ਇਹ ਫਿਰ ਮੈਨੂੰ ਨੌਕਰੀ ਤੇ ਪੰਜਾਬੀ ਚ ਏਥੇ ਮਿਲ ਗਈ, ਮੈਂ ਫਿਰ ਏਥੇ ਆ ਗਈ ਔਰ ਪੰਜਾਬ ਯੁਨੀਵਰਸਿਟੀ ਚ ਪਹਿਲੀ ਮੇਰੀ ਜੌਬ ਈ ਏਥੇ ਹੋਈ ਡਾਇਰੈਕਟ, ਉਦੋਂ ਦੀ ਏਥੇ ਈ ਆਂ। ਤੇ ਬੱਸ ਪੰਜਾਬ ਐ, ਪੰਜਾਬੀ ਤੇ ਸੂਫੀਆਦ ਐ ਕਿਉਂਕਿ ਮੇਰਾ ਹੈ ਸੀ ਕਿਉਂਕਿ ਮੇਰਾ ਜਿਹੜਾ ਮੇਰਾ ਪੀ.ਐਚ.ਡੀ. ਦਾ ਟੌਪਿਕ ਸੀ ਉਹ ਸੀ ਕਾਦਰੀ ਸੂਫੀ ਬਜੁਰਗ ਜਿਹੜੇ ਨੇ, ਕਾਦਰੀ ਸੂਫੀ ਸਿਲਸਲੇ ਦੇ ਜਿੰਨੇ ਬਜੁਰਗ ਨੇ, ਉਹ ਅਗਰ ਸਾਡੇ ਕਲਾਸੀਕਲ ਦੇਖੋ, ਸ਼ਾਹ ਹੁਸੈਨ ਤੋਂ ਲੈ ਕੇ ਸਾਡੇ ਮੀਆਂ ਮੁਹੰਮਦ ਬਖਸ਼ ਤੀਕਰ ਉਹ ਕਾਦਰੀ ਨੇ, ਉਸ ਤੋਂ ਬਾਅਦ ਵੀ ਬਹੁਤ ਸਾਰੇ ਕਾਦਰੀ ਸ਼ਾਇਰ ਨੇ, ਉਸ ਤੋਂ ਇਲਾਵਾ ਬਾਅਦ ਚ ਵੀ ਬਹੁਤ ਸਾਰੇ ਹੋਏ ਨੇ ਅੱਜ ਤੀਕਰ ਵੀ। ਔਰ ਪਾਕਿਸਤਾਨ ਵਿਚ ਸਿਲਸਿਲਾ ਕਾਦਰੀਆਂ ਦੇ ਅੱਗੋਂ ਬਹੁਤ ਸਾਰੇ ਖਾਨਦਾਨ ਵੀ ਨੇ, ਉਹਨਾਂ ਖਾਨਦਾਨਾਂ ਦਾ ਵੀ ਪੰਜਾਬੀ ਲਿਟਰੇਚਰ ਵਿਚ ਬੜਾ ਹਿੱਸਾ ਏ। ਉਹ ਮੇਰਾ ਜਿਹੜਾ ਪੀ.ਐਚ.ਡੀ. ਦਾ ਟੌਪਿਕ ਸੀ, ਉਹ ਉਹਦੇ ਤੇ ਸੀ ਕਿ ਪੰਜਾਬੀ ਸ਼ਾਇਰੀ ਦੇ ਤਕਾਵੇ ਵਿਚ ਪੰਜਾਬੀ ਕਾਦਰੀਆਂ ਦਾ ਹਿੱਸਾ। ਸੋ 15ਵੀਂ ਸਦੀ ਤੋਂ ਲੈ ਕੇ 20ਵੀਂ ਸਦੀ ਤੀਕਰ, ਉਹ ਕੀਤਾ। ਉਸ ਤੋਂ ਬਾਅਦ ਫਿਰ ਮੈਨੂੰ ਜੁਬਾਨਾਂ ਜਾਹਿਰ ਏ ਕਿ ਤੁਸੀਂ ਕਿਉਂਕਿ ਇਹ ਜਿੰਨੇ ਸੂਫੀਆਤ ਸਨ, ਉਹਨਾਂ ਸਾਰਿਆਂ ਨੇ ਧਰਤੀ ਦੀਆਂ ਜੁਬਾਨਾਂ ਦੇ ਨਾਲ ਜੁੜੇ ਰਹੇ। ਸਿਰਫ ਪੰਜਾਬੀ ਨਹੀਂ, ਉਹਨਾਂ ਨੂੰ ਅਰਬੀ ਵੀ, ਅਰਬੀ ਫਾਰਸੀ ਤੇ ਬਾਹਰਲੀਆਂ ਜੁਬਾਨਾਂ ਸਨ ਯੂੰ ਕਿ ਇਥੇ ਦੀਆਂ ਸਰਕਾਰੀ ਜੁਬਾਨਾਂ, ਫਾਰਸੀ ਸਰਕਾਰੀ ਜੁਬਾਨ ਰਹੀ ਔਰ ਅਰਬੀ ਮਜ਼ਬੀ ਜੁਬਾਨ, ਉਹ ਇਹਨਾਂ ਦੇ ਨਾਲ ਨਾਲ ਸੰਸਕ੍ਰਿਤ ਔਰ ਹਿੰਦੀ ਇਹ ਜੁਬਾਨਾਂ ਵੀ ਜਾਣਦੇ ਸਨ। ਔਰ ਇਹਨਾਂ ਦਿਲਚਸਪ ਇਹ ਵੇ ਕਿ ਸਾਰੇ ਬਜੁਰਗਾਂ ਨੇ ਜੁਬਾਨ ਔਰ ਮਜਹਬ ਨੂੰ ਵੱਖਰਾ ਰੱਖਿਆ, ਰਲੀਜਨ ਔਰ ਲੈਂਗੁਏਜ ਨੂੰ ਉਹਨਾਂ ਨੇ ਉਸ ਤਰਾਂ ਸਮਝਿਆ ਜਿਸ ਤਰਾਂ ਕਿਸੇ ਸਿਆਣੇ ਬੰਦੇ ਨੂੰ ਸਮਝਣਾ ਚਾਹੀਦਾ ਐ ਕਿਉਂਕਿ ਜੁਬਾਨ ਦਾ ਤੁਅੱਲਕ ਜਮੀਨ ਦੇ ਨਾਲ ਹੁੰਦਾ ਏ, ਧਰਤੀ ਦੇ ਨਾਲ ਹੁੰਦਾ ਏ। ਮਜਹਬ ਨੂੰ ਜਦੋਂ ਜੁਬਾਨ ਦੇ ਨਾਲ ਤੁਸੀਂ ਉਹ ਇੱਕ ਕੈਮੋਫਲਿਜ ਕਰਕੇ ਕਰਨ ਲੱਗਦੇ ਓ ਤਾਂ ਸੁਸਾਇਟੀ ਦੇ ਵਿਚ ਇਕ ਬਹੁਤ ਅਜੀਬ ਤਰਾਂ ਦੀ ਤਬਦੀਲੀ ਆਉਂਦੀ ਏ ਜਿਹੜੀ ਫਿਰ ਪੂਰੇ ਸਮਾਜ ਦੇ ਨੂੰ ਉਂਝ ਮੁਤਾਸਰ ਕਰਦੀ ਏ। ਮੈਨੂੰ ਇਹ ਟੌਪਿਕ ਈ ਜਿਹੜੀ ਸੀ ਉਸ ਦੌਰਾਨ ਇਹ ਉਸ ਤਰਾਂ ਨਾਲ ਬਾਬਿਆਂ ਦੇ ਕਲਾਮ ਮੁਤਲਫ ਪੜਦਿਆਂ ਪੜਦਿਆਂ ਹੋਏ। ਮੈਂ ਫਿਰ ਆਪਣੀ ਪੀ.ਐਚ.ਡੀ. ਦੇ ਦੌਰਾਨ ਮੈਂ ਦੇਖਿਆ ਕਿ ਕਿਉਂਕਿ ਜਿਹੜੇ ਦੋ ਸਿਲਸਿਲੇ ਕਾਦਰੀਆਂ ਸਿਲਸਿਲ ਔਰ ਚਿਸ਼ਤੀਆਂ ਸਿਲਸਿਲਾ, ਇਹ ਦੋ ਐਸੇ ਸਿਲਸਿਲੇ ਨੇ ਜਿਹੜੇ ਇਹ ਪੂਰੇ ਸਬਕੌਂਟੀਨੈਂਟ ਦੇ ਵਿਚ ਸੂਫੀਆਂ ਦੇ ਸਭ ਤੋਂ ਬਹੁਤ ਜਾਣੀ ਇਹ ਸਿਲਸਿਲੇ ਤੇ ਚਾਰੇ ਮਿਲਦੇ ਨੇ ਉਹ ਸੋਰਵਰਦੀਆ ਹੈ, ਨਕਸ਼ਵਰਦੀਆ, ਲੇਕਿਨ ਕਾਦਰੀਆ ਔਰ ਚਿਸ਼ਤੀਆ ਜਿਹੜੇ ਨੇ ਉਹ ਪੰਜਾਬੀ ਦੇ ਵਿਚ ਜਿਆਦਾ ਪੋਇਟਸ, ਸੂਫੀ ਪੋਇਟਸ ਨੇ। ਅੱਛਾ, ਹੁਣ ਇਹਨਾਂ ਦੋਨਾਂ ਦਾ ਜਿਹੜਾ ਇੱਕ ਤੇ ਹੈ ਬਈ ਸ਼ਾਇਰ ਜਿਹੜਾ ਉਹਨਾਂ ਦਾ ਪੋਇਟਿਕ ਕੰਟਰੀਬਿਊਸ਼ਿਨ ਏ, ਉਹ ਦੇਖਿਆ ਜਾਂਦਾ। ਉਸ ਪੋਇਟਿਕ ਕੰਟਰੀਬਊਸ਼ਿਨ ਨੂੰ ਪੜਦਿਆਂ ਪੜਦਿਆਂ ਇੱਕ ਚੀਜ ਜਿਹੜੀ ਮੈਨੂੰ ਮਤਲਬ ਖਿਆਲ ਆਇਆ, ਉਹ ਇਹ ਕਿ ਇਹਨਾਂ ਨੇ ਜਿਹੜਾ ਆਪਣੇ ਵਿਸੇਬ ਦਾ ਇਸਤਾਰਾ ਵਰਤਿਆ ਏ, ਜਾਣੀ ਜਿੰਨੀਆਂ ਜਿਹੜੀਆਂ ਐਥੇ ਦੀ ਰਹਿਤਲ ਦੇ ਕਲਚਰ ਦੀਆਂ ਚੀਜਾਂ ਜਿਹੜੀਆਂ ਨੇ, ਇੱਕ ਤੇ ਨਾ ਬਈ ਜਿਹੜਾ ਜੋ ਉਹ ਮਿੱਟੀ, ਉਹ ਐਥੇ ਦੇ ਘਰ ਜਿਸ ਤਰਾਂ ਦੇ ਬਣੇ ਹੋਏ ਨੇ ਜਾਂ ਮਿੱਟੀ, ਫਸਲਾਂ, ਖੇਤ ਏਸ ਮਾਹੌਲ ਨੂੰ, ਦੂਸਰੀ ਜਿਹੜੀ ਚੀਜ ਸੀ, ਇੱਕ ਤੇ ਜਾਹਿਰ ਜਿਹੇ ਜਿਹੜੇ ਮਾਇਨੇ ਨੇ, ਦੂਸਰੀ ਚੀਜ ਜਿਹੜੀ ਮੈਂ ਦੇਖੀ ਕਿ ਉਹਨਾਂ ਨੇ ਤਮਾਮ ਬੋਲੀਆਂ ਮਤਲਬ ਚਾਹੇ ਉਹ ਹਿੰਦੀ ਏ, ਚਾਹੇ ਉਹ ਸੰਸਕ੍ਰਿਤ ਏ, ਚਾਹੇ ਉਹ ਏਥੇ ਦੀਆਂ ਲੋਕਲ ਲੈਂਗੁਏਜਜ ਨੇ, ਉਹਨਾਂ ਨੇ ਹਰ

ਲੈਂਗੁਏਜ ਦਾ ਲਫਜ ਜਿਹੜਾ ਹੈ, ਉਹ ਜਿਹਵੈ ਸਾਡੇ ਕਲਾਸਕ ਸੂਫੀ ਪੋਇਟਸ ਨੇ, ਉਹਨਾਂ ਦੇ ਕਲਾਮ ਵਿਚ ਐ। ਇਹ ਆਪਣੇ ਪੀ.ਐਚ.ਡੀ. ਦੇ ਟੌਪਿਕ ਤੀਕਰ ਵਿਚ ਇਹ ਦੇਖੀ ਮਤਲਬ ਇਹ ਚੀਜ।

ਦੂਸਰੀ ਚੀਜ ਜਿਹੜੀ ਮੈਨੂੰ ਬਹੁਤ ਲੱਗੀ ਕਿ ਗੱਲ ਜਿਹੜੀ ਉਹਨਾਂ ਨੇ ਕੀਤੀ ਐ ਪੂਰੀ ਕਾਇਨਾਤ ਨੂੰ ਔਰ ਇਨਸਾਨ ਨੂੰ ਕਰਕੇ ਜਿਹੜੀ ਉਹਨਾਂ ਨੇ ਗੱਲ ਕੀਤੀ ਏ ਜਿਹੜੀ ਅੱਗੋਂ ਤਸ਼ਰੀਫ ਕੀਤੀ ਗਈ ਏ ਨਾ ਲੋਕਾਂ ਨੇ ਜਿਹੜੀ ਸਕੌਲਿਰਜ ਨੇ ਕੀਤੀ, ਉਹ ਉਹਨਾਂ ਨੇ ਇਕ ਡੱਬੇ ਚ ਪਾਣ ਦੀ ਕੋਸ਼ਿਸ਼ ਕੀਤੀ, ਉਹਦੇ ਅੰਦਰ ਦੀ ਜਿਹੜੀ ਇਕ ਪੂਰੀ ਇਤਫਾਕੀਅਤ ਕਹਿ ਲੋ, ਇੱਕ ਖੁੱਲ ਕਹਿ ਲਓ, ਇੱਕ ਵਿਸ਼ਾਲਤਾ ਕਹਿ ਲਓ, ਉਹ ਸ਼ਾਇਰੀ ਚ ਮੌਜੂਦ ਐ ਤਸ਼ਰੀਹ ਵਿਚ ਮੁੱਕ ਗਈ ਔਰ ਤਸ਼ਰੀਹ ਦੇ ਵਿਚ ਉਹ ਮੁਕਾਣ ਦੇ ਨਾਲ ਵੀ ਪੰਜਾਬੀ ਨੂੰ ਬਹੁਤ ਨੁਕਸਾਨ ਹੋਇਆ ਕਿਉਂਕਿ ਪੰਜਾਬ ਨੂੰ ਵੀ ਹੋਇਆ, ਪੰਜਾਬੀ ਨੂੰ ਵੀ ਹੋਇਆ, ਮਨੁੱਖਤਾ ਨੂੰ ਵੀ ਹੋਇਆ। ਏਥੇ ਜਿਹੜਾ ਤੁਸੀਂ ਮਤਲਬ ਕਦਰਾਂ ਦਾ ਜਿਹੜਾ ਜਬਾਲ ਏ ਜਾਂ ਜਿਹੜਾ ਅਸੀਂ ਕਹਿੰਨੇ ਆਂ ਕਿ ਹੁਣ ਬੱਚੇ ਉਂਝ ਦੇ ਨਹੀਂ ਰਹੇ, ਹੁਣ ਵੱਡੇ ਉਂਝ ਦੇ ਨਹੀਂ ਰਹੇ, ਹੁਣ ਸਿਆਣਪ ਉਂਝ ਦੀ ਨਹੀਂ ਰਹੀ। ਪਹਿਲੇ ਗੱਲ ਅਹਿ ਹੁੰਦੀ ਸੀ, ਉਹ ਇਸ ਲਈ ਹੁੰਦੀ ਸੀ ਕਿ ਉਹਦੇ ਨਾਲ ਜੁੜਤ ਮੌਜੂਦ ਸੀ, ਲੋਕਾਂ ਦੇ ਕੋਲ ਜਿਹੜਾ ਇੱਕ ਬੈਠਕ ਦਾ ਇੱਕ ਨਿਜ਼ਾਮ ਸੀ ਪੰਜਾਬ ਦੇ ਵਿੱਚ, ਲੋਕੀਂ ਥੜਿਆਂ ਤੇ, ਚੌਤਾਂ ਤੇ, ਮਹਿਫਲਾਂ ਚ, ਕਿਸੇ ਪਿੰਡ ਦੇ ਵਿੱਚ ਇੱਕ ਬੜਾ ਵੱਡਾ ਦਰਖਤ ਹੁੰਦਾ ਸੀ, ਉਹਦੇ ਹੇਠ ਜਾਂ ਕਿਸੇ ਵੀ ਜਗਾ ਜਿੱਥੇ ਉਹ ਇਕੱਠੇ ਹੁੰਦੇ ਸੀ, ਸ਼ਾਇਰੀ ਦੇ ਅਹਿ ਨਮੂਨੇ ਜਿਹੜੇ ਸਾਡੇ ਬਾਬਿਆਂ ਦੇ ਨੇ, ਇਹ ਉਥੇ ਪੜੇ ਜਾਂਦੇ ਸਨ। ਲੇਕਿਨ ਉਹ ਕਲਚਰ ਜਿਹੜਾ ਏ ਨਾ, ਉਹ ਵੀ ਸ਼ਾਇਦ ਬ੍ਰਿਟਿਸ਼ ਪੀਰੀਅਡ ਤੋਂ ਬਾਅਦ ਉਹਨੂੰ ਵੀ ਸੰਨ੍ਹ ਲੱਗੀ। ਔਰ ਉਹਨੂੰ ਜਦੋਂ ਸੰਨ੍ਹ ਲੱਗੀ ਐ, ਮਤਲਬ ਜਦੋਂ ਹਿੱਟ ਹੋਇਆ ਉਹ, ਇਹ ਕਲਚਰ ਜਦੋਂ ਹਿੱਟ ਹੋਇਆ, ਉਦੋਂ ਜਿਹੜਾ ਸੂਫੀ ਦਾ ਨੈਰੇਟਰ ਐ, ਉਹ ਵੀ ਬਦਲਿਆ। ਮਤਲਬ ਜਿਹੜੇ ਬ੍ਰਿਟਿਸ਼ ਪੀਰੀਅਡ ਦੇ ਸੂਫੀਆਂ ਨੇ, ਉਹਨਾਂ ਨੇ ਇੱਕ ਨੈਰੇਟਿਵ ਤਾਂ ਇਹ ਰੱਖਿਆ, ਮਸਲਨ ਉਹਨਾਂ ਨੇ ਹਰ ਧਰਮ ਦੀ ਜੁਬਾਨਾਂ ਜਦੋਂ ਜੁਬਾਨਾਂ ਧਰਮਾਂ ਦੇ ਨਾਲ ਜੋੜ ਦਿੱਤੀਆਂ ਗਈਆਂ, ਜੁਬਾਨ ਜਦੋਂ ਧਰਮ ਦੇ ਨਾਲ ਜੋੜ ਦਿੱਤੀ ਗਈ ਤੇ ਕੁਝ ਪੋਇਟ ਐਸੇ ਨੇ ਕਾਦਰੀਆ ਸਿਲਸਿਲੇ ਦੇ ਜਿਹਨਾਂ ਨੇ ਮਤਲਬ ਜਿਹੜੇ ਲਫਜ ਹਿੰਦੂ ਜੁਬਾਨ ਦੇ ਸਮਝੇ ਜਾਂਦੇ ਆ, ਮਤਲਬ ਹਿੰਦੂ ਧਰਮ ਨਾਲ ਜੁੜੇ ਹੋਏ, ਉਹਨਾਂ ਲਫਜਾਂ ਨੂੰ ਇਸਲਾਮ ਵਾਸਤੇ ਵਰਤਿਆ। ਉਹਦੇ ਵਿਚ ਸਾਡੇ ਇਕ ਗੇਲਾਮ ਜਲਾਨੀ ਵੀ ਨੇ,ਜਿਹਨਾਂ ਉਤੇ ਹੁਣ ਮੈਂ ਆਪਣਾ ਲੇਟਿਸਟ ਜਿਹੜਾ ਕੰਮ ਕੀਤਾ ਪੋਸਟ ਡੌਕਟਰੇਟ ਦਾ ਔਫਸਾਲਾ ਯੂਨੀਵਰਸਿਟੀ ਤੋਂ, ਉਹ ਇਹਨਾਂ ਦੇ ਉਪਰ ਸੀ ਔਰ ਉਹ ਕਲੋਨੀਅਲ ਪੀਰੀਅਡ ਦੇ ਜਾਣੀ ਬ੍ਰਿਟਿਸ਼ ਪੀਰੀਅਡ ਦੇ ਸੂਫੀ ਪੋਇਟ ਨੇ ਔਰ ਉਹ ਕਾਦਰੀਆ ਸਿਲਸਿਲੇ ਦੇ ਨੇ। ਕਾਦਰੀਆ ਫਾਜਲੀਆ ਸਿਲਸਿਲੇ ਦੇ ਨੇ ਔਰ ਕਾਦਰੀਆ ਫਾਜਲੀਆ ਸਿਲਸਿਲਾ ਉਹ ਸਿਲਸਿਲਾ ਏ ਜਿਹੜਾ ਨਜ਼ਮ ਹੁਸੈਨਸੀਰ ਸਾਹਿਬ ਨੂੰ ਤੁਸੀਂ ਜਾਣਦੇ ਓ, ਨਜ਼ਮ ਹੁਸੈਨ ਸਾਹਿਬ ਦੇ ਵਡਕੇ ਜਿਹੜੇ, ਇਹ ਹਜਰਤ ਫਾਜਲੂਦੀਨ ਬਟਾਲਵੀ, ਇਸ ਉਸ ਖਾਨਵਾਦੇ ਦੇ ਨੇ, ਉਹ ਜਿਹੜੇ ਬਜੁਰਗ ਨੇ ਉਹ ਇਹਨਾਂ ਦੇ ਖਾਨਦਾਨ ਦੇ ਵੈਦ ਸਨ, ਉਹ ਜਦੋਂ ਮੈਂ ਉਥੇ ਗਈ, ਮਤਲਬ ਇਹ ਵੀ ਇਕ ਹੋਰ ਕਹਾਣੀ ਏ, ਇਸ ਤੋਂ ਇਲਾਵਾ ਕਿ ਸਾਡੇ ਕੋਲ ਸੂਫੀ ਪੋਇਟਸ ਦਾ ਜਿਹੜਾ ਅਸਲ ਖੋਜ ਜਿਹੜੀ ਏ ਉਹ ਹੈ ਈ ਨਹੀਂ। ਬਹੁਤ ਸਾਰੇ ਸੂਫੀਆਂ ਬਾਰੇ ਕਿਤਾਬਾਂ ਕੁਛ ਹੋਰ ਕਹਿੰਦੀਆਂ ਨੇ, ਹਕੀਕਤ ਕੁਛ ਹੋਰ ਏ।

ਮੈਂ ਦੋ ਗੱਲਾਂ ਕੀਤੀਆਂ, ਇੱਕ ਜੁਬਾਨ ਦੀ ਕੀਤੀ, ਇੱਕ ਦੇਖੋ ਦੇਖੀ ਤੁਸੀਂ ਆਪਣੀ ਪਨੀਰੀ ਜਿਹੜੀ ਏ, ਜਿਹੜੀ ਸਾਡੀ ਨਵੀਂ ਪੌਦ ਐ, ਨਵੀਂ ਜਿਹੜੀ ਪੀੜ੍ਹੀ ਐ ਸਾਡੀ, ਉਹਦੀ ਤਬੀਅਤ ਕਰਨ ਵਾਸਤੇ, ਇਕ ਤਾਂ ਤੁਸੀਂ ਸਿਰਫ ਜੁਬਾਨ ਸਿਖਾਣੀ ਏ, ਪਰ ਜੁਬਾਨ ਦੇ ਰਾਹੀਂ ਤੁਸੀਂ ਕੁਝ ਸਿਖਾਣਾ ਨਾ। ਮਤਲਬ ਮੈਂ ਆਪਣਾ ਦੇਖਿਆ ਕਿ ਜਦ ਮੈਂ ਏਥੇ ਪੜਨ ਆਈ ਸੀ, ਉਦੋਂ ਏਥੇ ਹਜਾਰਾਂ ਦੀ ਤਾਇਦਾਦ ਦੇ ਵਿਚ ਐਪਲੀਕੇਸ਼ਨਜ ਹੁੰਦੀਆਂ ਸਨ ਪੰਜਾਬੀ ਦੀਆਂ, ਹੁਣ ਸੈਂਕੜਿਆਂ ਵਿਚ ਵੀ ਨਹੀਂ ਹੁੰਦੀਆਂ, ਮੁਸ਼ਕਲ ਨਾਲ ਹੁੰਦੀਆਂ ਨੇ। ਉਹਦੀ ਵਜ੍ਹਾ ਕਿ ਇੱਕ ਸ਼ੌਕ ਪਾਣ ਦੀ ਵੀ ਲੋੜ ਐ, ਆਪਣੇ ਆਪ ਤੋਂ ਟੁੱਟਣ, ਲੋਕਾਂ ਨੂੰ ਬੁੱਲੇ ਸ਼ਾਹ ਸੁਣਨਾ ਚੰਗਾ ਲੱਗਦਾ ਏ, ਬਾਹੂ ਸੁਣਨਾ ਚੰਗਾ ਲੱਗਦਾ ਏ, ਫਰੀਦ ਸੁਣਨਾ ਚੰਗਾ ਲੱਗਦਾ ਏ, ਉਥੇ ਜਾ ਕੇ ਮੰਨਤਾਂ ਮੰਨਣੀਆਂ ਚੰਗੀਆਂ ਲੱਗਦੀਆਂ ਨੇ, ਪਰ ਇਹ ਬੋਲੀ ਨਹੀਂ ਚੰਗੀ ਲੱਗਦੀ, ਇਹ ਬੋਲਣਾ ਚੰਗਾ ਨਹੀਂ ਲੱਗਦਾ। ਇਹ ਬੋਲਣਾ ਅੱਜ ਵੀ, ਇੱਕ ਬਹੁਤ ਅਲੀਟ ਕਲਾਸ ਵਿਚ ਮੌਜੂਦ ਐ, ਇੱਕ ਖਾਸ ਜਗਾ ਦੇ ਉਤੇ, ਸਕੂਲ ਵਿਚ ਇਕ ਐਜੂਕੇਸ਼ਨ ਰੂਪ ਚ ਜਾਰੀ ਏ, ਜਿੰਦਾਂ ਮੈਂ ਪਹਿਲਾਂ ਜਿਕਰ ਕੀਤਾ ਓਕੇ, ਉਹ ਠਕਿ ਏ, ਲੇਕਿਨ ਘਰਾਂ ਦੇ ਵਿਚ, ਸਕੂਲ ਦੇ ਵਿਚ ਜਦੋਂ ਬੱਚੇ ਬੋਲਦੇ ਨੇ, ਉਹਨਾਂ ਨੂੰ ਬੋਲਣ ਦੀ ਇਜਾਜਤ ਨਹੀਂ ਏ, ਉਥੇ ਉਹਨਾਂ ਨੂੰ ਪਨੁਸ਼ਮਿੰਟ ਮਿਲਦੀ ਏ। ਦੂਜਾ ਇਹ ਕਿ ਇਹ ਘਰਾਂ ਦੇ ਵਿੱਚ ਹਲੇ ਵੀ ਮੌਜੂਦ ਏ ਔਰ ਕਿਉਂਕਿ ਇਹ ਰੋਜੀ ਰੋਟੀ ਦੇ ਨਾਲ ਨਹੀਂ ਜੋੜਿਆ ਗਿਆ ਇਹਨੂੰ ਤੋੜ ਦਿੱਤਾ ਗਿਆ। ਜਿੱਥੇ ਪਹਿਲਾਂ ਜੁੜਿਆ ਵੀ ਸੀ, ਉਥੋਂ ਤੋੜ ਦਿੱਤਾ ਗਿਆ, ਇਹ ਵੀ ਇੱਕ ਵਜ੍ਹਾ ਹੈ ਕਿ ਪੰਜਾਬੀ ਵੱਲ ਲੋਕ ਨਹੀਂ ਜਾਂਦੇ। ਇੱਕ ਤੇ ਜੁਬਾਨ ਦੀ ਸੂਰਤ ਤੇ ਇਹ ਹਾਲ ਏ, ਦੂਜਾ ਅਹਿ, ਇੱਕ ਹੈ ਕਿ ਜੁਬਾਨ ਸਿੱਖ ਕੇ ਬੱਚਾ ਆ ਰਿਹਾ, ਆਪਣੀ ਜਦੋਂ ਅਸੀਂ ਐਮ.ਏ. ਇੱਥੇ ਕਰਾਨੇ ਆਂ, ਅਸੀਂ ਲਿਟਰੇਚਰ ਚ ਐਮ.ਏ. ਕਰਾਨੇ ਆਂ, ਪੰਜਾਬੀ ਲੈਂਗੁਏਜ ਐਂਡ ਲਿਟਰੇਚਰ।

ਐਥੇ ਜਦੋਂ ਸਾਡੇ ਕੋਲ ਐਮ.ਏ. ਦਾ ਬੱਚਾ ਆਂਦਾ ਏ, ਉਹਨੂੰ ਇੱਕ ਲਾਈਨ ਸਿੱਧੀ ਨਹੀਂ, ਜਿਆਦਾਤਰ ਨੂੰ ਇੱਕ ਲਾਈਨ ਸਿੱਧੀ ਨਹੀਂ ਲਿਖਣੀ ਆਂਦੀ। ਸਭ ਤੋਂ ਪਹਿਲਾ ਸਵਾਲ ਇਹ ਹੁੰਦਾ ਏ ਮੈਂ ਪੰਜਾਬੀ, ਸਭ ਤੋਂ ਪਹਿਲਾ ਸਵਾਲ ਜਿਹੜਾ ਕਿ ਮੈਂ ਪੰਜਾਬੀ ਵਿੱਚ ਦਾਖਲਾ ਕਿਉਂ ਲਿਆ, ਮੈਂ ਪੰਜਾਬੀ ਚ ਕਿਉਂ ਆਇਆ, ਮੈਂ ਪੰਜਾਬੀ ਪੜ ਕੇ ਕੀ ਕਰਾਂਗਾ, ਅਹਿ ਉਹ ਸਵਾਲ ਏ ਕਿਉਂਕਿ ਉਹਨੂੰ ਸੁਸਾਇਟੀ ਵਿੱਚ ਉਹਨੂੰ ਸਾਰਾ ਕੁਛ ਫੇਸ ਕਰਨਾ ਪੈਂਦਾ। ਸਾਨੂੰ ਵਕਤ ਲੱਗਦਾ ਏ ਉਹਨੂੰ ਪਹਿਲੇ ਇਹ ਦੱਸਣਾ ਕਿ ਤੂੰ ਪੰਜਾਬੀ ਪੜ ਕੇ ਨੁਕਸਾਨ ਨਹੀਂ ਕੀਤਾ। ਤੂੰ ਆ, ਤੂੰ ਦੇਖ ਤੂੰ ਕੀ ਸਿੱਖੇਂਗਾ ਇਥੋਂ, ਤੂੰ ਇਥੋਂ ਇਨਸਾਨੀਅਤ ਸਿੱਖੇਂਗਾ, ਤੂੰ ਐਥੇ ਤੈਨੂੰ ਜੀਣਾ ਆਏਗਾ, ਜੀਣਾ ਸਿਰਫ ਸਾਹ ਲੈਣਾ ਨਹੀਂ ਏ, ਪਰ ਅਫਸੋਸ ਅਹਿ ਵੈ ਕਿ ਇਹ ਜਿਹੜਾ ਕੰਮ ਏ ਪ੍ਰਾਇਮਰੀ, ਮਿਡਲ ਲੈਵਲ ਦੇ ਉਤੇ ਹੋ ਜਾਣਾ ਚਾਹੀਦਾ ਸਾਨੂੰ ਲਿਟਰੇਚਰ ਦੀ ਗਰਾਊਂਡ ਵੀ ਬਣਾਉਣੀ ਪੈਂਦੀ ਏ, ਪੰਜਾਬੀ ਦੀ ਗਰਾਊਂਡ ਵੀ ਬਣਾਉਣੀ ਪੈਂਦੀ ਏ, ਫਿਰ ਉਹਦੇ ਤੇ ਜਾ ਕੇ ਸਾਨੂੰ ਸਟੈਪ ਬਾਏ ਸਟੈਪ ਅਸੀਂ ਲਿਟਰੇਚਰ ਦੀ ਗੱਲ ਕਰਦੇ ਆਂ, ਜਦੋਂ ਕਿ ਤੁਸੀਂ ਵੀ ਸਮਝਦੇ ਓ ਕਿ ਲਿਟਰੇਚਰ ਪੜਾਣ ਲਈ ਇੱਕ ਖਾਸ ਤਰਾਂ ਦਾ ਸਾਂਚਾ ਪਹਿਲੇ ਬਣਿਆ ਹੋਇਆ ਹੋਵੇ, ਫਿਰ ਤੁਸੀਂ ਲਿਟਰੇਰੀ ਟਰੈਂਡਜ ਦੇ ਉਤੇ ਕੰਮ ਕਰ ਸਕਦੇ ਓ। ਸਾਨੂੰ ਟਰੈਂਡਜ ਸਮਝਾਣ ਲਈ, ਉਹ ਬੱਚੇ, ਉਹ ਪੀ.ਐਚ.ਡੀ. ਲੈਵਲ ਦਾ ਕੋਈ ਬੱਚਾ ਹੋਏਗਾ ਜੀਹਦੇ ਨਾਲ ਅਸੀਂ ਏਨੀ ਕੁ ਗੱਲ ਕਰ ਸਕਦੇ ਆਂ। ਸੋ ਜਿਹੜੀ ਚੋਜਤਾ ਸਾਡੇ ਅੰਦਰ ਹੈ, ਉਹਦੀ ਇੱਕ ਵਜ੍ਹਾ ਜਿਹੜੀ ਅਹਿ ਹੈ ਕਿ ਸਾਨੂੰ ਬਹੁਤ ਮਿਹਨਤ ਕਰਨੀ ਪੈਂਦੀ ਏ, ਪਰ ਇਹ ਹੈ ਕਿ ਰੱਬੋਂ ਅਸੀਂ ਹੁਣ ਰੀਲੈਕਸ ਕੀਤੇ ਕੁਝ ਦਾਖਲੇ ਤੇ ਸਾਡੇ ਕੁਲ ਹੁਣ ਬੱਚੇ ਐਂਤਕੀਂ ਸਾਡੀਆਂ ਸੀਟਾਂ ਪੂਰੀਆਂ ਨੇ ਐਮ.ਏ. ਦੀਆਂ, ਮਤਲਬ ਜਿਹੜੀਆਂ ਉਹ ਚਾਲੀ ਓਪਨ ਮੈਰਿਟ ਦੀਆਂ ਸੀਟਸ ਨੇ ਤੇ ਬਾਕੀ ਕੁਝ ਸੀਟਸ ਜਿਹੜੀਆਂ ਨੇ ਉਹ ਰੀਜਰਵਜ ਨੇ ਉਹ ਸਾਡੇ ਕੋਲ ਦਾਖਲਾ ਪੂਰਾ ਏ, ਐਮ.ਏ. ਦਾ ਪਾਰਟ-1, ਪਾਰਟ-2 ਦਾ, ਐਮ.ਫਿਲ. ਦਾ, ਪੀ.ਐਚ.ਡੀ. ਚ ਲੋਕ ਕਰ ਰਹੇ ਨੇ।

ਲੇਕਿਨ ਮੇਰਾ ਜੀਅ ਜਿਹੜਾ ਏ, ਉਹ ਬਹੁਤ ਜਿਆਦਾ ਖੁਸ਼ ਜਿਹੜਾ ਵਾ ਉਹ ਇਸ ਲਈ ਨਹੀਂ ਏ ਕਿ, ਮਤਲਬ ਮੈਂ, ਜਿਹੜੀ ਇਕ ਤਿਆਰੀ ਹੋ ਕੇ ਉਹਨੂੰ ਸੁਸਾਇਟੀ ਚ ਸਾਡੇ ਤੱਕ ਆਉਣੀ ਚਾਹੀਦੀ ਏ, ਉਹ ਉਂਝ ਨਹੀਂ ਏ, ਉਹਦੇ ਵਿਚ ਗੈਪ ਐ, ਸਕੂਲ ਲੈਵਲ ਤੇ ਵੀ ਗੈਪ ਐ, ਕੌਲਜ ਲੈਵਲ ਤੇ ਵੀ ਗੈਪ ਐ, ਉਹ ਠੀਕ ਹੋਣਾ ਚਾਹੀਦਾ ਏ। ਸਾਨੂੰ ਪੰਜਾਬੀਆਂ ਨੂੰ ਜਿਹੜੇ ਅਸੀਂ ਪੰਜਾਬੀ ਰੀਚਰਜ ਔਰ ਪੰਜਾਬੀ ਸਕੌਲਰਜ ਨੇ ਬਹੁਤ ਜਰੂਰੀ ਏ ਇੱਕ ਐਸੀ ਸੰਸਥਾ, ਇਕ ਐਸੀ ਜਗਾ ਜਿਥੇ ਬਹੁਤ ਸੰਜੀਦਾ ਹੋ ਕੇ ਐਸ ਪੱਖੋਂ ਵੀ ਦੇਖੀਏ ਕਿ ਠੀਕ ਏ ਪੰਜਾਬੀ ਜੁਬਾਨ ਜਿਹੜੀ ਐ ਉਹ ਬੋਲਣ ਦੇ ਨਾਲ ਤੇ ਉਹ ਆਪਣੀ ਜਗਾ ਦੇ ਉਤੇ ਠੀਕ ਐ, ਪਰ ਜਿਹੜਾ ਤੁਹਾਡੇ ਕੋਲ ਸਾਰਾ ਲਿਟਰੇਰੀ ਟਰੀਅਰ ਹੈ, ਜਿਹੜਾ ਤੁਹਾਡੇ ਕੋਲ ਅਦਬੀ ਖਜਾਨਾ ਏ, ਉਹ ਅਦਬੀ ਖਜਾਨਾ ਉਨੀ ਦੇਰ ਤੀਕਰ ਮਤਲਬ ਇਹ ਕਿ ਉਹਨੂੰ ਅਹਿ ਇਸ ਤਰਾਂ ਖਿਲਰਨਾ ਸ਼ੁਰੂ ਹੋ ਗਿਆ ਤੇ ਅਸਲ ਤੋਂ ਗੱਲ ਬਹੁਤ ਦੁਰਾਡੀ ਚਲੀ ਜਾਏਗੀ। ਸੋ ਇਹਨੂੰ ਰੋਕਣ ਦੀ ਬੜੀ ਜਰੂਰਤ ਐ।

ਕਾਰਣ ਜਿਹੜਾ ਇਹਦਾ ਹੈ, ਕਾਰਨ ਪੌਲਿਸੀ ਐ, ਕਾਰਨ ਉਹ ਇੱਕ ਕਲਾਸ ਏ ਜਿਹੜੀ ਪੌਲਸੀ ਮੇਕਰ ਐ ਕਿਉਂਕਿ ਮਕਸਦ ਪੰਜਾਬ ਔਰ ਪੰਜਾਬੀ ਦੀ ਗੱਲ, ਥੋੜੀ ਜਿਹੀ ਗੱਲ ਕੌੜੀ ਹੋ ਜਾਏਗੀ, ਪਰ ਇਹ ਹਕੀਕਤ ਏ ਕੌੜੀ ਗੱਲ ਹੈ ਇਹ, ਪਰ ਦੁੱਖ ਆਲੀ ਏ ਕਿ ਮੈਂ ਅਗਰ ਸਿਰਫ ਪੰਜਾਬ ਦੀ ਗੱਲ ਕਰਾਂ ਇਹ ਕਿ ਮੈਂ ਅਗਰ ਪੰਜਾਬ ਦੀ ਗੱਲ ਕਰਾਂ ਉਹ ਪੰਜਾਬੀ, ਓਸ ਪੰਜਾਬਣ ਹੋਣ ਦੇ ਨਾਤੇ ਜਿਹਦੇ ਵਡਕੇ ਵੱਢ ਟੁੱਕ ਜਦੋਂ ਹੋ ਰਹੀ ਸੀ ਐਧਰ ਆਏ ਸਾਰਾ ਕੁਝ ਛੱਡ ਛਡਾ ਕੇ, ਪਰ ਮੈਂ ਆਪਣੇ ਆਪ ਨੂੰ ਭਾਲਦੀ ਹਾਂ, ਮੈਂ ਐਸ ਧਰਤੀ ਦੀ ਵਾਸੀ ਆਂ, ਪਾਕਿਸਤਾਨ ਦੀ ਵਾਸੀ ਆਂ, ਮੈਂ ਪੰਜਾਬਣ ਆਂ, ਪਰ ਮੈਂ ਕਿੱਥੇ ਆਂ? ਮੈਂ ਅਗਰ ਗੱਲ ਕਰਦੀ ਆਂ ਪੰਜਾਬਣ ਹੋਣ ਦੀ ਤੇ ਮੇਰਾ ਮਸ਼ਕੂਫ ਹੋ ਜਾਂਦਾ ਕਿ ਸ਼ਾਇਦ ਮੈਂ ਪੈਟਰੋਏਟਿਕ ਨਹੀਂ, ਪਰ ਸਿੰਧ ਚ ਕਸੂਤੇ ਹਾਲ ਹੋ ਰਿਹਾ, ਬਾਕੀ ਸੂਬਿਆਂ ਵਿਚ ਹੋ ਰਿਹਾ, ਮੈਂ ਅਗਰ ਪੰਜਾਬ, ਪੰਜਾਬੀ ਦੀ ਗੱਲ ਕਰਾਂ, ਕੀ ਮੈਂ ਹੋ ਜਾਨੀ ਆਂ, ਸਾਨੂੰ ਵੱਢ ਟੁੱਕ ਸਾਨੂੰ ਮਸਲਨ ਮੇਰੀ ਦਾਦੀ ਜਿਹੜੇ ਨੇ, ਮੈਂ ਉਹਨਾਂ ਨੂੰ ਆਪਣੇ ਆਖਰੀ ਸਾਹ ਤੱਕ ਹਉਕਾ ਭਰਦਿਆਂ ਦੇਖਿਆ ਐਸ ਗੱਲ ਦੇ ਨਾਲ ਕਿ ਇੰਝ ਹਉਕਾ ਭਰਕੇ ਕਹਿਣਾ 'ਨੀ ਧੀਏ, ਜਦੋਂ ਦੇਸੋਂ ਉਜੜ ਕੇ ਆਏ...' ਦੇਸ ਕਿਹੜਾ ਹੁੰਦਾ ਬੰਦੇ ਦਾ? ਆਪਣਾ ਦੇਸ, ਉਹ ਦੇਸ ਜਿਹਨੂੰ ਉਹ ਸਮਝਦੇ ਸਨ, ਮੈਂ ਬਲਕਿ ਇੱਕ ਵਾਰੀ ਉਹਨਾਂ ਨੂੰ ਪੁੱਛਿਆ ਵੀ ਕਿ ਤੁਸੀਂ ਕੀ ਸਮਝਦੇ ਸੀ ਜਦੋਂ ਤੁਸੀਂ ਓਧਰੋਂ ਆਏ? ਉਹ ਕਹਿੰਦੇ ਕਿ ਮੇਰੇ ਹੱਥਾਂ ਦੇ ਉਤੇ, ਮੈਂ ਰੋਟੀ ਪਕਾਉਂਦੀ ਸੀ, ਮੇਰੇ ਹੱਥਾਂ ਦੇ ਉਤੇ ਆਟਾ ਲੱਗਾ ਹੋਇਆ ਸੀ, ਸਾਨੂੰ ਸੀਗਾ ਕਿ ਅਸੀਂ ਕੁਝ ਦਿਨਾਂ ਦੇ ਬਾਅਦ ਚਲੇ ਜਾਣਾ ਉਥੇ। ਪਰ ਵੱਢ ਟੁੱਕ ਜਿਹੜੀ ਦੇਖੀ ਤੇ ਉਹਤੋਂ ਬਾਅਦ ਤੇ ਦੁਨੀਆਂ ਈ ਬਦਲ ਗਈ, ਏਨੀ ਨਫਰਤ, ਏਨਾ ਲਹੂ, ਏਨਾ ਜ਼ੁਲਮ ਦੇਖਿਆ, ਉਹ ਦੇਖਣ ਤੋਂ ਬਾਅਦ ਆਪਣਾ ਸਾਰਾ ਕੁਝ ਛੱਡ ਕੇ ਆਪਣੀ ਆਣ ਵਾਲੀ ਅੱਗੋਂ ਜਿਹੜੀ ਆਣ ਵੇਲੇ ਲੋਕ ਨੇ ਉਹਨਾਂ ਦੀ ਜਿਹੜੀ ਔਲਾਦ ਨੇ, ਹੁਣ ਤੇ ਸਾਡੀ ਵੀ ਔਲਾਦ ਵੱਡੀ ਹੋ ਐ। ਅਸੀਂ ਵੀ ਆਪਣੇ ਆਪ ਦੀ ਤਲਾਸ਼ ਚ ਆਂ ਤੇ ਸਾਡੀ ਅਗਲੀ ਔਲਾਦ ਤੇ ਓਸ ਤੋਂ ਵੀ ਜਿਆਦਾ ਤਲਾਸ਼ ਦੇ ਵਿਚ ਏ, ਇਹ ਕਿਉਂ ਏ? ਪੌਲਿਸੀਜ ਦੀ ਵਜ੍ਹਾ ਕਰਕੇ, ਅਸੀਂ ਗਵਾ ਕੇ ਵੀ ਜਿਹੜਾ ਵਾ ਉਹ ਨਹੀਂ ਬਣ ਸਕੇ। ਗਵਾ ਕੇ ਵੀ ਆਪਣਾ ਆਪ ਮੰਨਵਾ ਨਹੀਂ ਸਕੇ।

ਤੁਸੀਂ ਦੇਖੋ ਕਿ ਉਹ ਜੁਬਾਨ ਜਿਹੜੀ ਇਕ ਐਡੇ ਵੱਡੇ ਖਿੱਤੇ ਦੀ ਜੁਬਾਨ ਜਿਹੜੀ ਜੋੜਨ ਵਾਲੀ ਜੁਬਾਨ, ਉਹਦੇ ਵਿਚ ਹੁਣ ਛੋਟੇ ਛੋਟੇ ਇਲਾਕਿਆਂ ਦੇ ਜਿਹੜੇ ਲਹਿਜੇ ਨੇ, ਉਹਨਾਂ ਲਹਿਜਿਆਂ ਨੂੰ ਜੁਬਾਨਾਂ ਬਣਾ ਕੇ ਬਕਾਇਦਾ ਮੂਵਮੈਂਟਸ ਚੱਲਦੀਆਂ ਨੇ ਕਿ ਨਹੀਂ ਜੀ ਨਹੀਂ ਇਹ ਤੇ ਵੱਖਰੀ ਜੁਬਾਨ ਏ, ਮੀਆਂ ਮੁਹੰਮਦ ਬਖਤਰ ਦੀ ਨਹੀਂ ਜੀ ਇਹ ਤੇ ਜੁਬਾਨ ਈ ਵੱਖਰੀ ਏ। ਬਈ ਬੋਲੀ ਮਤਲਬ ਏ ਹਰ ਜਿਹੜੀ ਇੰਨਟਲੈਕਚੁਅਲ ਏ, ਜੁਬਾਨ ਦਾ ਜਿਹੜਾ ਦਾਨਸ਼ਵਰ ਏ ਉਹ ਜਾਣਦਾ ਕਿ ਦੁਨੀਆਂ ਦੀਆਂ ਜਿਹੜੀਆਂ ਵੱਡੀਆਂ ਜੁਬਾਨਾਂ ਨੇ ਉਹਨਾਂ ਦੇ ਲਹਿਜੇ ਹੁੰਦੇ ਨੇ, ਜੁਬਾਨਾਂ ਦੀਆਂ ਬੋਲੀਆਂ ਹੁੰਦੀਆਂ ਨੇ, ਮੁਕਤਲਫ ਬੋਲੀਆਂ, ਮੁਕਲਫ ਐਕਸੈਂਟ ਹੁੰਦੇ ਨੇ। ਔਰ ਸਾਡੇ ਕੋਲ ਜਿਹੜਾ ਸਾਡਾ ਲਹਿੰਦੀ ਦਾ ਐਕਸੈਂਟ ਸੀ, ਉਹ ਸਾਡਾ ਕਲਾਸੀਕਲ ਐਕਸੈਂਟ ਐ, ਪਰ ਉਹ ਪੰਜਾਬੀ ਜਿਹੜੀ ਪਹਿਲੇ ਹਿੰਦਵੀ, ਜਿਹੜੀ ਹਿੰਦੀ ਕਹੀ ਜਾਂਦੀ ਸੀ ਜਾਂ ਹਿੰਦੁਸਤਾਨੀ, ਉਹਦਾ ਨਾਂ ਇਹ ਸੀ, ਉਹ ਹੈ ਤੇ ਇਹੀ ਸੀ, ਪਰ ਹੁਣ ਇਹਦੇ ਚ ਪਾੜ ਪੈ ਕੇ, ਉਹ ਵੱਖਰੀ ਸ਼ਨਾਖਤ ਜਿਹੜੀ ਐ ਉਹਨਾਂ ਨੂੰ ਦੇ ਕੇ ਤੇ ਮਲੇਛ ਬਣਾਇਆ ਜਾ ਰਿਹਾ ਕਿ ਇਹ ਅਛੂਤ ਏ, ਅਸੀਂ ਜਾਣੀ ਪੈਰਾਂ ਤੋਂ ਵੀ ਥੱਲੇ। ਮੇਰਾ ਬੜਾ ਦਲ ਕੁੜਦਾ ਜਦੋਂ ਪੰਜਾਬੀ ਦੇ ਨਾਲ ਇਹ ਸਲੂਕ ਦੇਖਦੀ ਆਂ। ਔਰ ਦੂਜਾ ਇਹ ਕਿ ਅਸੀਂ ਉਹ ਲੋਗ ਆਂ ਜਿਹੜੇ ਅਸੀਂ ਮਤਲਬ ਸਾਡੇ ਵਡਕੇ ਨੂੰ ਅਸੀਂ ਉਹਨਾਂ ਦੀਆਂ ਅੱਖਾਂ ਚ ਹੰਝੂ ਦੇਖੇ, ਜਿਹੜੇ ਉਧਰੋਂ ਉੱਜੜ ਕੇ ਆਏ, ਉਹ ਐਸ ਧਰਤੀ ਦੇ ਜਿਹੜੇ ਲੋਗ ਨੇ, ਨਾ ਉਹ ਕਬੂਲ ਕਰਦੇ ਨੇ ਔਰ ਜਿਹੜੇ ਬਣਾ ਕੇ ਜਿਹੜੀ ਅਲੀਟ ਕਲਾਸ ਐ, ਜਿਹੜੀ ਅੱਗੇ ਅੱਗੇ ਆ ਉਹ ਵੀ ਨਹੀਂ ਮੰਨਦੀ। ਸੋ ਇਕ ਐਸੀ ਆਪਣੇ ਆਪ ਦੀ ਭਾਲ ਐ ਜਿਹੜੀ ਗਵਾਚੀ ਐ। ਸੋ ਜਿਹੜਾ ਏਥੇ ਦਾ ਲੋਕਲ ਬੰਦਾ ਜਿਹੜਾ ਮੁਕਾਮੀ ਐ ਉਹ ਆਂਹਦਾ ਐ ਕਿ ਇਹ ਸਾਰੇ ਕਿਥੋਂ ਆ ਗਏ ਮਹਾਜਰ ਜਾਣੀ ਉਰਦੂ ਦਾ ਮਹਾਜਰ ਮਹਾਜਰ ਆ, ਪੰਜਾਬੀ ਮਹਾਜਰ ਕਿਥੇ ਗਿਆ? ਪੰਜਾਬੀ ਮਹਾਜਰ ਮਹਾਜਰ ਨਹੀਂ ਹੋਇਆ। ਸਭ ਤੋਂ ਵੱਧ ਵੱਢ ਟੁੱਕ ਤੇ ਪੰਜਾਬ ਚ ਹੋਈ, ਉੜਦੂ ਤੇ ਅਲੀਟ ਕਲਾਸ ਸੀ ਉਦੋਂ ਵੀ, ਅਲੀਟ ਕਲਾਸ ਦੇ ਵਿਚ ਸੀ, ਪਰ ਪੰਜਾਬੀ ਮਹਾਜਰ ਦਾ ਕੀ। ਪੰਜਾਬੀ ਮਹਾਜਰ ਗੱਲ ਕਰੇ ਉਹ ਜਿਸਨੇ ਸਭ ਤੋਂ ਬਹੁਤਾ ਆਪਣਿਆਂ ਪੁਰਖਾਂ ਦਾ ਲਹੂ, ਆਪਣਾ ਮਾਲ ਆਪਣਾ ਸਾਰਾ ਕੁਝ ਓਧਰੋਂ ਏਧਰ ਗਿਆ, ਏਧਰੋਂ ਓਧਰ ਗਿਆ। ਉਹ ਜੋ ਏਧਰੋਂ ਮਹਾਜਰ ਓਧਰ ਬਣੇ, ਉਹਨਾਂ ਦਾ ਮੈਂ ਕੁਛ ਕਹਿ ਨਹੀਂ ਸਕਦੀ, ਪਰ ਜਿਹੜੇ ਓਧਰੋਂ ਏਧਰ ਆਏ ਕਿਉਂਕਿ ਮੈਂ ਆਪਣੇ ਵਡਕਿਆਂ ਨੂੰ ਦੇਖਿਆ, ਪਰ ਉਹ ਤੇ ਆਪਣੀ ਤਲਾਸ਼ ਚ ਈ ਰਹੇ, ਲੱਭਦੇ ਈ ਰਹੇ ਔਰ ਲੱਭ ਰਹੇ ਨੇ। ਔਰ ਅਸੀਂ ਅਗਲੀ, ਅਸੀਂ ਓਸ ਵਿਚ, ਓਸੇ ਤਲਾਸ਼ ਵਿਚ ਆਂ, ਅਸੀਂ ਏਥੇ ਦੇ ਹੋ ਕੇ ਵੀ, ਸਾਡੇ ਵਾਸਤੇ ਤੇ ਐਸ ਧਰਤੀ ਤੋਂ ਅੱਗੇ, ਕਿਉਨੀਖ ਹੁਣ ਸਾਡੀ ਧਰਤੀ ਏ, ਸਾਨੂੰ ਏਹਦੇ ਤੋਂ ਵੱਧ ਕੁਛ ਨਹੀਂ ਏ। ਆਪਣੀ ਧਰਤੀ ਤੋਂ ਇਨਸਾਨ ਨੂੰ, ਆਪਣੀ ਜੂਹ ਤੋਂ, ਆਪਣੇ ਘਰ ਤੋਂ ਅੱਗੇ ਤਾਂ ਕੋਈ ਸ਼ੈ ਨਹੀਂ ਨਾ ਹੁੰਦੀ। ਸਾਡਾ ਘਰ ਹੈ ਇਹ, ਸਾਨੂੰ ਆਪਣੇ ਘਰ ਤੋਂ ਅੱਗੇ ਕੁਛ ਨਹੀਂ, ਪਰ ਅਸੀਂ ਆਪਣੇ ਘਰ ਲਈ ਕਰਨਾ ਵੀ ਚਾਹ ਰਹੇ ਹਾਂ, ਪਰ ਸਾਡੀ ਹੋਂਦ ਜਿਹੜੀ ਏ ਨਾ, ਉਹਨੂੰ ਕਿਹਾ ਜਾਂਦਾ 'ਤੂੰ', ਅਹਿ ਜਿਹੜੀ 'ਤੂੰ' ਏ ਨਾ, ਅਹਿ ਬਹੁਤ ਤਕਲੀਫ ਦੇਂਦੀ ਐ। ਅਹਿ ਬਹੁਤ ਦੁੱਖ ਦੀ ਗੱਲ ਐ ਔਰ ਅਹਿ ਦੁੱਖ ਤੋਂ ਤੁਹਾਨੂੰ ਮੈਂ ਤੇ ਬੋਲ ਦਿੱਤਾ, ਬਹੁਤਿਆਂ ਕੋਲੋਂ ਤੇ ਸ਼ਾਇਦ ਬੋਲਿਆ ਵੀ ਨਹੀਂ ਜਾਂ ਰਿਹਾ। ਔਰ ਕਹਾਣੀਆਂ ਭਰੀਆਂ ਪਈਆਂ ਨੇ ਇਹਦੇ ਨਾਲ। ਸਾਡੇ ਲਿਟਰੇਚਰ ਵਿਚ ਇਹ ਚੀਜਾਂ ਬਹੁਤ ਸਾਰੀਆਂ ਪਈਆਂ ਨੇ, ਕੁਝ ਬਹੁਤ ਸਾਰੀਆਂ ਚੀਜਾਂ ਮਹਿਸੂਸ ਚ ਆ ਜਾਂਦੀਆਂ, ਤੁਹਾਨੂੰ ਮਹਿਸੂਸ ਹੁੰਦੀਆਂ ਨੇ, ਸ਼ਾਂਇਰੀ ਚ ਪਈਆਂ ਨੇ, ਕੁਝ ਉਂਝ ਦੇਖਦੇ ਓ, ਪਰ ਹੈ ਗੱਲ ਇੰਝ ਦੀ। ਔਰ ਸ਼ਾਇਦ ਜਿਹੜਾ ਇਹਦੇ ਨਾਲੋਂ ਟੁਟੱਣਾ ਐ, ਜੁਬਾਨ ਨਾਲੋਂ ਉਹਦੇ ਵਜੋਹਾਦ ਵਿਚ ਇਹ ਵੀ ਇਕ ਵਜ੍ਹਾ ਹੋਏ।

ਧੰਨਵਾਦ